ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106
ਫੈਕਸ:0172-2624687 ਈ-ਮੇਲssapunjab@yahoo.com

ਵੱਲ

ਸਮੂਹ ਪ੍ਰਿੰਸੀਪਲ
ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ
ਪੰਜਾਬ

ਮੀਮੋ ਨੰ: 50/2010/ਏ.ਐਸ.ਪੀ.ਡੀ(ਪੈਡਾਗੋਜ਼ੀ)/ਸਸਅ/66409-66425
ਮਿਤੀ ਚੰਡੀਗੜ੍ਹ 25.10.2010

**ਵਿਸ਼ਾ:- ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਅੰਗਰੇਜ਼ੀ ਦੀ ਟ੍ਰੇਨਿੰਗ ਕਰਵਾਉਣ ਬਾਰੇ।**
**ਹਵਾਲਾ ਨੰ. ਏ.ਐਸ.ਪੀ.ਡੀ/ਮੀਡੀਆ/ਸਸਅ/2010/62092-62111, ਮਿਤੀ 30.9.2010**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਸਿੱਖਿਆ ਅੰਦਰ ਗੁਣਵੱਤਾ ਲਿਆਉਣ ਪੱਖੋਂ ਪੜ੍ਹੋ ਪੰਜਾਬ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਪਿਛਲੇ ਸਾਲ ਦੌਰਾਨ ਪੜ੍ਹੋ ਪੰਜਾਬ ਪ੍ਰੋਜੈਕਟ ਅਧੀਨ ਪੰਜਾਬੀ ਭਾਸ਼ਾ ਅਤੇ ਗਣਿਤ ਵਿਸ਼ੇ ਦੀ ਪੜ੍ਹਾਈ ਕਰਵਾਈ ਜਾਂਦੀ ਸੀ ਪਰ ਇਸ ਸਾਲ ਤੋਂ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਸਾਰੇ ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਨਾਲ ਜੋੜਿਆ ਗਿਆ ਹੈ। ਤਾਂ ਜੋ ਸਾਡੇ ਬੱਚੇ ਅੰਗਰੇਜ਼ੀ ਭਾਸ਼ਾ ਦੀ ਵੀ ਚੰਗੀ ਮੁਹਾਰਤ ਹਾਸਲ ਕਰ ਸਕਣ। ਅੰਗਰੇਜ਼ੀ ਸਬੰਧੀ ਅਧਿਆਪਕਾਂ ਦੀਆਂ ਟ੍ਰੇਨਿੰਗਾਂ ਮਿਤੀ 13 ਅਕਤੂਬਰ, 2010 ਤੋਂ ਮਿਤੀ 3 ਨਵੰਬਰ, 2010 ਤੱਕ ਪੰਜਾਬ ਰਾਜ ਦੇ ਸਮੂਹ ਬਲਾਕਾਂ ਅੰਦਰ ਕਰਵਾਈਆਂ ਜਾ ਰਹੀਆਂ ਹਨ।

3.0 ਦਫ਼ਤਰ ਦੇ ਪੱਤਰ ਨੰ. 50/ਸਸਅ/ ਪੈਡਾਗੋਜ਼ੀ-ਟੀ.ਟੀ/47043-54, ਮਿਤੀ ਚੰਡੀਗੜ੍ਹ 21 ਜੁਲਾਈ 2010 ਅਤੇ 50/ਸਸਅ/ਪੈਡਾਗੋਜ਼ੀ-ਟੀ.ਟੀ/47006-47054, ਮਿਤੀ ਚੰਡੀਗੜ੍ਹ 21 ਜੁਲਾਈ 2010 ਦੇ ਹਵਾਲੇ ਵਿੱਚ ਲਿਖਿਆ ਜਾਂਦਾ ਹੈ ਕਿ ਕਲੱਸਟਰ ਪੱਧਰ ਨੂੰ ਦਸ ਦਿਨ ਦੀ ਟ੍ਰੇਨਿੰਗ ਲਈ ਪ੍ਰਤੀ ਅਧਿਆਪਕ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਨੂੰ 35/- ਰੁਪਏ ਰਿਫਰੈਸ਼ਮੈਂਟ ਅਤੇ 10/- ਰੁਪਏ ਸਟੇਸ਼ਨਰੀ ਦੇ ਸਨ। ਟ੍ਰੇਨਿੰਗ ਸੈਂਟਰ ਤੇ ਆਉਣ-ਜਾਣ ਲਈ ਅਸਲ ਬਸ ਕਿਰਾਇਆ ਟ੍ਰੇਨਿੰਗ ਦੇ ਅਖੀਰਲੇ ਦਿਨ ਦਿੱਤਾ ਜਾਵੇਗਾ। ਪਰ ਇੱਥੇ ਸਪੱਸ਼ਟ ਕੀਤਾ ਜਾਂਦਾ ਹੈ ਕਿ 10/- ਰੁਪਏ ਜੋ ਸਟੇਸ਼ਨਰੀ ਦਾ ਖਰਚਾ ਮਿਤੀ 13 ਅਕਤੂਬਰ ਤੋਂ 3 ਨਵੰਬਰ 2010 ਤੱਕ ਚੱਲਣ ਵਾਲੀ ਟ੍ਰੇਨਿੰਗ ਵਿੱਚ ਅਧਿਆਪਕਾਂ ਲਈ ਰੱਖਿਆ ਗਿਆ ਹੈ। ਇਸ ਦਾ ਖਰਚਾ ਡਾਇਟਾਂ ਵੱਲੋਂ ਨਾ ਕੀਤਾ ਜਾਵੇ ਕਿਉਂਕਿ ਹਰੇਕ ਅਧਿਆਪਕ ਲਈ ਅਧਿਆਪਕ ਟ੍ਰੇਨਿੰਗ ਡਾਇਰੀ

**ਚੱਲਦਾ ਪੰਨਾ ਨੰ. 02**

ਤਿਆਰ ਕਰਕੇ ਪਹਿਲਾਂ ਹੀ ਭੇਜੀ ਗਈ ਹੈ ਜੋ ਕਿ ਟ੍ਰੇਨਿੰਗਾਂ ਦੌਰਾਨ ਅਧਿਆਪਕਾਂ ਵੱਲੋਂ ਵਰਤੀ ਜਾ ਰਹੀ ਹੈ।

4.0 ਰਿਸੋਰਸ ਪਰਸਨ ਨੂੰ ਪ੍ਰਤੀ ਦਿਨ ਪ੍ਰਤੀ ਵਿਅਕਤੀ 300/- ਰੁਪਏ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਣੀ ਹੈ।

5.0 ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ, ਪੰਜਾਬ

**ਪਿੱਠ ਅੰਕਣ ਨੰ: ਉਕਤ:** 66429-66431 **ਮਿਤੀ:** 25.10.2010

**ਉਤਾਰਾ:** (1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।
(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(3) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ, ਪੰਜਾਬ